# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
# ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ, ਅਜੀਤਗੜ੍ਹ

**ਵਿੱਦਿਆ ਭਵਨ, ਈ ਬਲਾਕ, ਪੰਜਵੀ ਮੰਜਿਲ, ਫੇਜ਼-8 ਅਜੀਤਗੜ੍ਹ (ਮੁਹਾਲੀ) ਫੋਨ ਨੰ:0172-5212310**

---

ਵੱਲ :

1) ਸਮੂਹ ਸਰਕਾਰੀ ਸਕੂਲ ਮੈਨੇਜਮੈਂਟ ਕਮੇਟੀਆਂ ਅਤੇ ਸਮੂਹ ਸਕੂਲ ਮੁਖੀ, ਪੰਜਾਬ
2) ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ/ਸੈ.ਸਿ) ਪੰਜਾਬ

**ਮੀਮੋ ਨੰ:-ਐਸ.ਐਸ.ਏ/ਸਿ.ਵ./2014/**20146898
**ਮਿਤੀ, ਮੋਹਾਲੀ : 26-11-2014**

ਵਿਸ਼ਾ:- **ਰਾਜ ਤੇ ਸਮੂਹ ਸਰਕਾਰੀ ਸਕੂਲਾਂ ਵਿੱਚ ਪਖਾਨਿਆਂ ਦੀ ਸਫਾਈ, ਰਿਪੇਅਰ, ਉਹਨਾਂ ਦੇ ਰੱਖ ਰਖਾਵ ਅਤੇ ਸਕੂਲ ਚੋਗੀਰਦੇ ਦੀ ਸਫਾਈ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੀ ਖੇਚਲ ਕਰਨਾ ਜੀ।

2.0 ਭਾਰਤ ਸਰਕਾਰ ਵਲੋਂ ਮਿਤੀ 2 ਅਕਤੂਬਰ 2014 ਨੂੰ ਮਹਾਤਮਾ ਗਾਂਧੀ ਜੀ ਦੀ ਜੈਯੰਤੀ ਤੇ 'ਸਵੱਛ ਭਾਰਤ ਅਭਿਆਨ' ਸ਼ੁਰੂ ਕੀਤਾ ਸੀ। ਜਿਸ ਤਹਿਤ ਸਿੱਖਿਆ ਵਿਭਾਗ ਵਲੋਂ ਸਮੂਹ ਸਕੂਲਾਂ ਨੂੰ ਸਾਫ ਸੁਥਰਾ ਰੱਖਣ ਲਈ ਮਿਤੀ 27.09.204 ਤੋਂ 31.10.2014 ਤੱਕ ਰਾਜ ਤੇ ਸਮੂਹ ਸਕੂਲਾਂ ਵਿੱਚ ''ਸੋਹਣਾ ਸਕੂਲ ਮੁਹਿੰਮ'' ਚਲਾਈ ਗਈ ਸੀ। ਜਿਸ ਵਿੱਚ ਸਕੂਲਾਂ ਤੇ ਸਮੂਹ ਸਟਾਫ/ਵਿਦਿਆਰਥੀ/ਸਕੂਲ ਮੈਨੇਜਮੈਂਟ ਕਮੇਟੀਆਂ/ਪੰਚਾਇਤ/ਸਮਾਜ ਸੇਵੀ ਸੰਸਥਾਵਾਂ ਵਲੋਂ ਸ਼ਮੂਲੀਅਤ ਕੀਤੀ ਗਈ ਸੀ ਜਿਸ ਨਾਲ ਸਕੂਲਾਂ ਦੀ ਸਫਾਈ ਸਬੰਧੀ ਸਾਰਥਕ ਨਤੀਜੇ ਨਿਕਲੇ ਹਨ।

3.0 ਇਸੇ ਹੀ ਲੜੀ ਵਿੱਚ ਭਾਰਤ ਸਰਕਾਰ ਵਲੋਂ ''ਸਵੱਛ ਭਾਰਤ, ਸਵੱਛ ਵਿਦਿਆਲਾ'' ਅਧੀਨ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੇ ਜਨਮ ਦਿਨ ਤੇ ਮਿਤੀ 14.11.2014 ਨੂੰ ਬਾਲ ਦਿਵਸ ਵਾਲੇ ਦਿਨ ਮਿਤੀ 14.11.2014 ਤੋਂ 19.11.14 ਤੱਕ 'ਬਾਲ ਸਵੱਛਤਾ ਮਿਸ਼ਨ' ਸਮੂਹ ਸਕੂਲਾਂ ਵਿੱਚ ਮਨਾਇਆ ਗਿਆ ਹੈ। ਇਸ ਨਾਲ ਸਕੂਲਾਂ ਦੀ ਨੁਹਾਰ ਬਦਲੀ ਹੈ ਅਤੇ ਵਿਦਿਆਰਥੀਆਂ ਅਤੇ ਸਮੂਹ ਸਟਾਫ/ਸਕੂਲ ਮੈਨੇਜਮੈਂਟ ਕਮੇਟੀਆਂ ਵਲੋਂ ਸਕੂਲਾਂ ਦੀ ਸਫਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।

4.0 ਉਪਰੋਕਤ ਮਿਸ਼ਨ ਦਾ ਮਨੋਰਥ ਸਕੂਲਾਂ ਦਾ ਵਾਤਾਵਰਨ ਅਤੇ ਚੋਗਿਰਦਾ ਹਮੇਸ਼ਾ ਸਾਫ ਰੱਖਣਾ ਹੈ। ਇਸ ਲਈ ਆਪ ਨੂੰ ਇਸ ਪੱਤਰ ਰਾਹੀਂ ਦੁਬਾਰਾ ਲਿਖਿਆ ਜਾਂਦਾ ਹੈ ਕਿ ਸਕੂਲਾਂ ਦੇ ਪਖਾਨਿਆਂ ਅਤੇ ਸਕੂਲ ਚੋਗਿਰਦੇ ਦੀ ਨਿਰੰਤਰ ਸਫਾਈ ਕਰਵਾਈ ਜਾਵੇ ਅਤੇ ਇਸ ਸਬੰਧੀ ਸਕੂਲ ਮੈਨੇਜਮੈਂਟ ਕਮੇਟੀਆਂ ਹੇਠ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਉਣਾਂ ਯਕੀਨੀ ਬਣਾਉਣ:-

4.1 ਸਕੂਲਾਂ ਦੇ ਪਖਾਨਿਆਂ ਦੀ ਸਫਾਈ ਅਤੇ ਖਰਾਬ ਪਖਾਨਿਆਂ ਦੀ ਰਿਪੇਅਰ ਕਰਵਾਈ ਜਾਵੇ। ਇਸ ਸਬੰਧੀ ਐਸ.ਐਸ.ਏ. ਵਿੱਚ ਸਕੂਲ ਗ੍ਰਾਂਟ ਵੀ ਜਾਰੀ ਕੀਤੀ ਗਈ ਹੈ।

4.2 ਸਕੂਲਾਂ ਵਿੱਚ ਇਨਫਰਾਸਟਰਕਚਰ ਨਾਲ ਸਬੰਧਤ ਲੋੜਾਂ ਸਕੂਲ ਮੁਖੀ ਵਲੋਂ ਸਾਲ 2014-15 ਲਈ U-DISE ਤੇ ਕੀਤੇ ਜਾ ਰਹੇ ਹਨ ਸਰਵੇ ਫਾਰਮੈਟ ਵਿੱਚ ਦਰਜ ਕਰਵਾਈਆਂ ਜਾਣ ਤਾਂ ਜੋ ਸਾਲ 2015-16 ਦੇ ਪਲਾਨ ਵਿੱਚ ਇਹਨਾਂ ਨੂੰ ਸ਼ਾਮਿਲ ਕੀਤਾ ਜਾ ਸਕੇ।

4.3 ਸਕੂਲਾਂ ਦੀ ਸਫਾਈ ਲਈ ਪਿੰਡ ਪੱਧਰ ਤੇ ਸਮਾਜ ਸੇਵੀ ਸੰਸਥਾਵਾਂ ਨਾਲ ਤਾਲਮੇਲ ਕਰਕੇ ਅਤੇ ਐਨ.ਐਸ.ਐਸ ਦੇ ਕੈਂਪ ਲਗਾ ਕੇ ਇਸ ਕੰਮ ਨੂੰ ਨੇਪਰੇ ਚਾੜ੍ਹਿਆ ਜਾਵੇ।

4.4 ਸਕੂਲ ਮੁਖੀ ਸਕੂਲ ਐਮਾਲਗਾਮੈਟਿਡ/ਵੈਲਫੇਅਰ ਫੰਡ ਵਿੱਚੋਂ ਪਖਾਨਿਆਂ ਦੀ ਸਫਾਈ ਕਰਵਾਉਣ ਤੇ ਆਉਣ ਵਾਲਾ ਖਰਚਾ ਕਰ ਸਕਦੇ ਹਨ।

5.0 ਉਪਰੋਕਤ ਤੋਂ ਇਲਾਵਾ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ/ਸੈ.ਸਿ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਅਨੁਸਾਰ ਕਾਰਵਾਈ ਕੀਤੀ ਜਾਵੇ ਅਤੇ ਇਸ ਨੂੰ ਅਮਲੀ ਜਾਮਾ ਪਹਿਨਾਇਆ ਜਾਵੇ ਤਾਂ ਜ਼ੋ ਸਕੂਲਾਂ ਦੀ ਸਫਾਈ ਰੱਖੀ ਜਾ ਸਕੇ ਅਤੇ ਸਕੂਲਾਂ ਵਿੱਚ ਸ਼ੁੱਧ ਵਾਤਾਵਰਨ ਮੁਹੱਇਆ ਕਰਵਾਇਆ ਜਾ ਸਕੇ।

6.0 ਇਸ ਨੂੰ ਪਰਮ-ਅਗੇਤ ਦਿੱਤੀ ਜਾਵੇ।

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ,**
**ਪੰਜਾਬ,ਅਜੀਤਗੜ੍ਹ**